# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ

DEOSE.BATHINDA@PUNJABEDUCATION.GOV.IN

ਵੱਲ,

**ਪ੍ਰਿੰਸੀਪਲ / ਮੁੱਖ ਅਧਿਆਪਕ /ਡੀ.ਡੀ.ਓ**

**ਸਸਸਸ / ਸਹਸ , ਜਿਲ੍ਹਾ ਬਠਿੰਡਾ ।**

ਪੱਤਰ ਨੰ: ਅ-5/1( )2025/ਤਿਮਾਹੀ ਰਿਪੋਰਟ/ 1955

ਮਿਤੀ ਬਠਿੰਡਾ-15.01.2025

ਵਿਸ਼ਾ- **ਪੈਨਸ਼ਨ ਕੇਸਾਂ / ਪੈਨਸ਼ਨਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਮੁੱਕਦੀ ਤਿਮਾਹੀ ਮਿਤੀ 31.12.2024 ਤੱਕ ਦੀ ਰਿਪੋਰਟ ਭੇਜਣ ਸਬੰਧੀ ।**

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਪੱਤਰ ਅਨੁਸਾਰ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਡਾਇਰੈਕਟਰ ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ ਨੂੰ ਪੈਨਸ਼ਨ ਕੇਸਾਂ / ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਮੋਨੀਟਰ ਕਰਨ ਲਈ ਮੁੱਕਦੀ ਤਿਮਾਹੀ ਮਿਤੀ 31.12.2024 ਦੇ ਕੇਸਾਂ ਸਬੰਧੀ ਸੂਚਨਾ ਭੇਜੀ ਜਾਣੀ ਹੈ। ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁੱਕਦੀ ਤਿਮਾਹੀ ਮਿਤੀ 31.12.2024 ਤੱਕ ਦੇ ਪੈਨਸ਼ਨ ਕੇਸਾਂ ਸਬੰਧੀ ਸੂਚਨਾ ਰਾਵੀ ਲਿਪੀ ਵਿੱਚ ਪੈਨਸ਼ਨ ਵਿਭਾਗ ਵਲੋਂ ਨਿਰਧਾਰਿਤ ਪ੍ਰੋਫਾਰਮਿਆਂ (ਨਾਲ ਨੱਥੀ) ਅਨੁਸਾਰ ਤਿਆਰ ਕਰਕੇ ਕੇਵਲ Google Sheet ਵਿੱਚ ਮਿਤੀ 17.01.2025 ਤੱਕ ਕੇਵਲ ਰਾਵੀ ਲਿਪੀ ਵਿੱਚ ਹੀ ਭੇਜੀ ਜਾਵੇ । ਆਪ ਨੂੰ Google Sheet ਦਾ Link ਨੱਥੀ word file ਵਿੱਚ ਅਤੇ ਵਾਟਸਐੱਪ ਗਰੁੱਪ ਵਿੱਚ Share ਕੀਤਾ ਜਾਂਦਾ ਹੈ ।

ਪਿਛਲੇ ਸਮੇਂ ਦੌਰਾਨ ਤਿਮਾਹੀ ਰਿਪੋਰਟਾਂ ਭੇਜਣ ਸਮੇਂ ਇਹ ਵੇਖਣ ਵਿਚ ਆਇਆ ਹੈ ਕਿ ਕਈ ਸਕੂਲਾਂ ਵਲੋਂ ਇਹ ਸੂਚਨਾ ਸਮੇਂ ਸਿਰ ਨਹੀ ਭੇਜੀ ਜਾਂਦੀ ਅਤੇ ਕਈ ਸਕੂਲਾਂ ਵਲੋਂ ਸੂਚਨਾ ਅਧੂਰੀ ਭੇਜੀ ਜਾਂਦੀ ਹੈ, ਜਿਸ ਕਾਰਨ ਦਫਤਰੀ ਸਮਾਂ ਖਰਾਬ ਹੁੰਦਾ ਹੈ । ਇਸ ਸਬੰਧੀ ਮੁੱਖ ਦਫਤਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ ਅਤੇ ਸਖਤ ਹਦਾਇਤ ਕੀਤੀ ਗਈ ਹੈ ਕਿ ਜਿਸ ਸਕੂਲ ਵਲੋਂ ਇਹ ਸੂਚਨਾ ਸਮੇਂ ਸਿਰ ਨਹੀਂ ਭੇਜੀ ਜਾਂਦੀ, ਉਸ ਸਕੂਲ ਮੁੱਖੀ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਰਿਪੋਰਟ ਨਿਰਧਾਰਿਤ ਮਿਤੀ ਤੱਕ ਭੇਜਣੀ ਯਕੀਨੀ ਬਣਾਈ ਜਾਵੇ ।

ਕਿਸੇ ਵੀ ਪ੍ਰਕਾਰ ਦੀ ਦੇਰੀ/ਅਣਗਹਿਲੀ ਅਤੇ ਅਧੂਰੀ ਸੂਚਨਾ ਦੀ ਸੂਰਤ ਵਿੱਚ ਸਬੰਧਤ ਸਕੂਲ ਮੁੱਖੀ/ ਡੀ.ਡੀ.ਓ ਦੀ ਨਿਰੋਲ ਜ਼ਿੰਮੇਵਾਰੀ ਹੋਵੇਗੀ।

ਨੋਟ –ਨੱਥੀ Instructions ਅਨੁਸਾਰ ਹੀ ਸੂਚਨਾ ਭੇਜੀ ਜਾਵੇ ਅਤੇ ਸੂਚਨਾ ਕੇਵਲ ਰਾਵੀ ਫੋਂਟ ਵਿੱਚ ਹੀ ਭੇਜੀ ਜਾਵੇ ।

Link- https://docs.google.com/spreadsheets/d/1es8gODAEiJrKjNNehsiFTh-t2vLDWcljqanxQHcmT1E/edit?usp=sharing

015/01/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ

ਪਿੱਠ ਅੰਕਣ ਨੰ: ਉਕਤ ਮਿਤੀ 15.01.2025

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ –

1. ਮਾਨਯੋਗ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ ਐਸ.ਏ.ਐਸ ਨਗਰ ।
2. ਮਾਨਯੋਗ ਡਾਇਰੈਕਟਰ ਪੈਨਸ਼ਨ ਅਤੇ ਪੈਨਸ਼ਨਰਾਂ ਭਲਾਈ ਵਿਭਾਗ, ਸੈਕਟਰ-33 ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ